**ਸ਼੍ਰੇਣੀ :ਦਸਵੀਂ**

**ਵਿਸ਼ਾ : ਪੰਜਾਬੀ**

**ਪੇਪਰ : ਏ**

**ਸਮੈਸਟਰ : ਦੂਜਾ**

**ਨਮੂਨੇ ਦਾ ਪ੍ਰਸ਼ਨ – ਪੱਤਰ**

**ਸਮਾਂ : 3 ਘੰਟੇ** **ਲਿਖਤੀ ਅੰਕ : 5●**

**ਆਂਤਰਿਕ ਅੰਕ : 25**

**ਕੁੱਲ ਅੰਕ : 75**

**ਨੋਟ : ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ ਤੇ ਆਧਾਰਿਤ ਹੋਣ।**

ਪ੍ਰਸ਼ਨ1. ਵਸਤੂਨਿਸ਼ਠ ਪ੍ਰਸ਼ਨ:-

(ੳ) ਗੁਰੂ ਨਾਨਕ ਦੇਵ ਜੀ ਦੀ ਕਿਸੇ ਬਾਣੀ ਦਾ ਨਾਂ ਲਿਖੋ?

(ਅ) ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਗੁਰੂ ਸਾਹਿਬ ਨੇ ਕਰਵਾਈ?

(ੲ) 'ਗਗਨ ਮੈ ਥਾਲੁ ' ਕਿਸ ਗੁਰੂ ਸਾਹਿਬ ਦੀ ਰਚਨਾ ਹੈ?

(ਸ) ਸਾਹਿਤ – ਮਾਲਾ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ?

(ਹ) 'ਗੁਰਬਾਣੀ ਦੀ ਕੁੰਜੀ' ਕਿਸ ਕਵੀ ਦੀ ਰਚਨਾ ਹੈ?

(ਕ) 'ਸਤਿਗੁਰ ਨਾਨਕ ਪ੍ਰਗਟਿਆ' ਕਿਸ ਕਵੀ ਦੀ ਰਚਨਾ ਹੈ?

(ਖ) 'ਬਾਬਾ ਰਾਮ ਸਿੰਘ ਕੂਕਾ' ਲੇਖ ਦੇ ਲੇਖਕ ਦਾ ਕੀ ਨਾਂ ਹੈ?

(ਗ) ਸਾਹਿਤ – ਮਾਲਾ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਕਿਹੜਾ ਲੇਖ ਦਰਜ ਹੈ?

(ਘ) ਮਹਾਂ ਕਵੀ ਕਾਲੀਦਾਸ ਦੇ ਕਿਸੇ ਇੱਕ ਨਾਟਕ ਦਾ ਨਾਂ ਦੱਸੋ ?

(ਙ) ਲੇਖਕ ਦੇ ਦਾਦਿਆਂ(ਮੇਰੇ ਵੱਡੇ ਵਡੇਰੇ) ਦੀ ਭੈਣ ਨੇ ਕਿਸ ਚੀਜ਼ ਨੂੰ ਚੁੱਕ ਕੇ ਖੋਲੇ ਵਿੱਚ ਸੁੱਟ ਦਿੱਤਾ ਸੀ?

(ਚ) 'ਔਰੰਗਜ਼ੇਬ' ਕਿਸ ਇਕਾਂਗੀ ਦਾ ਪਾਤਰ ਹੈ?

(ਛ) 'ਨਾਇਕ' ਇਕਾਂਗੀ ਵਿੱਚ 'ਪੁੱਤਰ' ਪਾਤਰ ਕਿੰਨਾ ਪੜ੍ਹਿਆ ਹੋਇਆ ਹੈ?

(ਜ) 'ਨਾਇਕ' ਇਕਾਂਗੀ ਵਿੱਚ 'ਪਿਤਾ' ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ?

(ਝ) 'ਜ਼ੀਨਤ-ਉਨ-ਨਿਸਾ' ਕਿਸ ਇਕਾਂਗੀ ਦੀ ਪਾਤਰ ਹੈ?

(ਞ) 'ਡੁੰਮ੍ਹ' ਕਹਾਣੀ ਦਾ ਲੇਖਕ ਕੌਣ ਹੈ?

(ਟ) ਤੇਜੂ, ਤਾਰੇ ਦਾ ਕੀ ਲੱਗਦਾ ਹੈ?

(ਠ) ਜਗਨੇ ਦੇ ਪਿਤਾ ਦਾ ਕੀ ਨਾਂ ਸੀ?

(ਡ) 'ਪਹੁ ਫੁਟਾਲੇ ਤੋਂ ਪਹਿਲਾਂ' ਨਾਵਲ ਦੇ ਕਿੰਨੇ ਕਾਂਡ ਹਨ?

(ਢ) 'ਪਹੁ ਫੁਟਾਲੇ ਤੋਂ ਪਹਿਲਾਂ' ਨਾਵਲ ਦਾ ਲੇਖਕ ਕੌਣ ਹੈ?

(ਣ) ਹਰੀਜਨ ਨੇਤਾ ਮਹੀਪਾਲ ਕਿਸ ਦੀ ਪਾਰਟੀ ਨਾਲ਼ ਸੰਬੰਧ ਰੱਖਦੇ ਸਨ? 2● x 1/2 = 5

ਪ੍ਰਸ਼ਨ2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 15● ਸ਼ਬਦਾਂ ਵਿੱਚ ਕਰੋ:

(ੳ) ਸੁਲਤਾਨ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥<br>
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥<br>
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ॥

**ਜਾਂ**

ਦੇਖਿ ਪਰਾਈਆ ਚੰਗੀਆ ਮਾਵਾ ਭੈਣਾ ਧੀਆ ਜਾਣੈ।<br>
ਉਸੁ ਸੂਅਰ ਉਸੁ ਗਇ ਹੈ ਪਰ ਧਨ ਹਿੰਦੂ ਮੁਸਲਮਾਣੈ।<br>
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿੱਙਾਣੈ।<br>
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ। 2 + 3 = 5

(ਅ) ਚੋਟ ਪਈ ਖਰਚਾਮੀ ਦਲਾਂ ਮੁਕਾਬਲਾ।<br>
ਘੇਰ ਲਈ ਵਰਿਆਮੀ ਦੁਰਗਾ ਆਇ ਕੈ।<br>
ਰਾਕਸ਼ ਵੱਡੇ ਅਲਾਮੀ ਭੱਜ ਨ ਜਾਣਦੇ।<br>
ਅੰਤ ਹੋਏ ਸੁਰਗਾਮੀ ਮਾਰੇ ਦੇਵਤੇ

**ਜਾਂ**

ਘੋੜੇ ਆਦਮੀ ਗੋਲਿਆਂ ਨਾਲ਼ ਉੱਡਣ

ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁੰਹਮਦਾ ਇੱਕ ਸਰਕਾਰ ਬਾਝੋਂ।
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। 2 + 3 = 5

ਪ੍ਰਸ਼ਨ3. ਕਿਸੇ ਇੱਕ ਕਾਵਿ-ਰਚਨਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ:
'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਜਾਂ 'ਚੰਡੀ ਦੀ ਵਾਰ' 2

ਪ੍ਰਸ਼ਨ4. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:
(ੳ) ਮਹਾਂਕਵੀ ਕਾਲੀਦਾਸ(ਪਿਆਰਾ ਸਿੰਘ ਪਦਮ)
(ਅ) ਮੇਰੇ ਵੱਡੇ ਵਡੇਰੇ(ਗਿਆਨੀ ਗੁਰਦਿੱਤ ਸਿੰਘ) 6

ਪ੍ਰਸ਼ਨ5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ ਪੁਸਤਕ ਦੇ ਆਧਾਰ 'ਤੇ ਲਗ-ਪਗ 40 ਸ਼ਬਦਾਂ ਵਿੱਚ ਲਿਖੋ:
(ੳ) ਬਾਬਾ ਰਾਮ ਸਿੰਘ ਨੇ ਇਸਤਰੀ ਜਾਤੀ ਦੀ ਭਲਾਈ ਲਈ ਕੀ-ਕੀ ਉਪਦੇਸ਼ ਦਿੱਤੇ?

**ਜਾਂ**

ਮੰਦੇ ਖਿਆਲ ਬਦੀ ਦੇ ਹਰਕਾਰੇ ਕਿਵੇਂ ਹਨ? 'ਹਿਆਉ ਨ ਕੈਹੀ ਠਾਹਿ' ਪਾਠ ਦੇ ਆਧਾਰ 'ਤੇ ਉੱਤਰ ਦਿਓ।
(ਅ) ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਕਿਉਂ ਨਾਤਾ ਤੋੜ ਲਿਆ?

**ਜਾਂ**

ਕਾਲੀਦਾਸ ਕੌਣ ਸੀ? ਉਸ ਨੂੰ ਇੰਨੀ ਪ੍ਰਸਿੱਧੀ ਕਿਉਂ ਮਿਲੀ? 1.5 + 1.5 = 3

ਪ੍ਰਸ਼ਨ6. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰਾ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ:
(ੳ) ਪਿਤਾ
(ਅ) ਔਰੰਗਜ਼ੇਬ 4

ਪ੍ਰਸ਼ਨ7. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦਾ ਪ੍ਰਸੰਗ ਲਗ-ਪਗ 40 ਸ਼ਬਦਾਂ ਵਿੱਚ ਸਪਸ਼ਟ ਕਰੋ:
(ੳ) "ਅੱਬਾ ਜਾਨ, ਤੁਸੀ ਜ਼ਿਆਦਾ ਫਿਕਰਮੰਦ ਰਹਿੰਦੇ ਹੋ? ਸੁਪਨਾ ਕਿਆ ਸੀ?"
(ਅ) "ਪਿਤਾ ਜੀ, ਮੈਟਰਿਕ ਮੈਟਰਿਕ ਹੁੰਦਾ ਏ, ਐਮ.ਏ, ਐਮ.ਏ ਹੁੰਦਾ, ਏ।" 2

ਪ੍ਰਸ਼ਨ8. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:
(ੳ) ਕਲਮ ਜਾਗ ਪਈ (ਅ) ਡੁੰਮ੍ਹ

ਪ੍ਰਸ਼ਨ9. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰਾ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ:
(ੳ) ਭਆ (ਅ) ਮੋਹਣਾ

ਪ੍ਰਸ਼ਨ10. ਨਾਵਲ 'ਪਹੁ ਫੁਟਾਲੇ ਤੋਂ ਪਹਿਲਾਂ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ।
(ੳ) ਜਗਨ ਨਾਥ (ਜਗਨਾ) (ਅ) ਕਰਤਾ ਰਾਮ ਸੇਵਕ
ਪ੍ਰਸ਼ਨ11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦਾ ਪ੍ਰਸੰਗ ਲਗ-ਪਗ 40 ਸ਼ਬਦਾਂ ਵਿੱਚ ਸਪਸ਼ਟ ਕਰੋ।
(ੳ) "ਚੰਗਾ ਫੇਰ ਤੂੰ ਵੀ ਰਲ਼ ਜਾ, ਜਾ ਕੇ। ਜਾਓ ਦਫ਼ੇ ਹੋ ਜੋ। ਨਿਕਲ਼ੋ ਮੇਰੇ ਘਰੋਂ।"
(ਅ) "ਵੇਖੋਕੀ। ਵੇਖੋ ਅਹੁ ਕੀ। ਕਿੰਨਾ ਚਾਨਣ--------- ਝੰਡਾ। ਤਿਰੰਗਾ-----ਤਿਰੰਗਾ-----।
ਉੱਠੋ,ਉੱਠੋ। ਪਰਨਾਮ ਕਰੀਏ----- ਸਲਾਮੀ ਦੇਈਏ। ਉਹਿ ਉੱਠੋ ਵੀ--------।" 2

**ਸ਼੍ਰੇਣੀ :ਦਸਵੀਂ**

**ਵਿਸ਼ਾ : ਪੰਜਾਬੀ**

**ਪੇਪਰ : ਬੀ**

**ਸਮੈਸਟਰ : ਦੂਜਾ**

**ਨਮੂਨੇ ਦਾ ਪ੍ਰਸ਼ਨ – ਪੱਤਰ**

**ਸਮਾਂ** : 3 **ਘੰਟੇ** **ਲਿਖਤੀ ਅੰਕ** : 5●

**ਆਂਤਰਿਕ ਅੰਕ** : 25

**ਕੁੱਲ ਅੰਕ** : 75

ਪ੍ਰਸ਼ਨ1. ਵਸਤੂਨਿਸ਼ਟ ਪ੍ਰਸ਼ਨ :

(ੳ) ਪੰਜਾਬੀ ਭਾਸ਼ਾ ਦੀ ਲਿਪੀ ਦਾ ਨਾਂ ਲਿਖੋ।

(ਅ) ਗੁਰਮੁਖੀ ਲਿਪੀ/ਵਰਨਮਾਲਾ ਦੇ ਕਿੰਨੇ ਅੱਖਰ ਹਨ?

(ੲ) ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਵਰਤੇ ਜਾਂਦੇ ਚਿੰਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?

(ਸ) ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਖਰ ਹਨ?

(ਹ) ਸਾਰਥਕ ਸ਼ਬਦਾਂ ਦੇ ਕਿੰਨੇ ਭੇਦ ਹਨ?

(ਕ) ਵਿਸ਼ੇਸ਼ਣ ਦੇ ਕਿੰਨੇ ਭੇਦ ਹਨ?

(ਖ) ਜਿਸ ਵਾਕ ਵਿੱਚ ਕਿਰਿਆ ਨਾਲ਼ ਕਰਮ ਨਾ ਹੋਵੇ ਉੱਥੇ ਕਿਰਿਆ ਦੀ ਕਿਹੜੀ ਕਿਸਮ ਹੁੰਦੀ ਹੈ?

(ਗ) ਅਰਥ ਦੇ ਪੱਖ ਤੋਂ ਯੋਜਕ ਕਿੰਨੀ ਪ੍ਰਕਾਰ ਦਾ ਹੁੰਦਾ ਹੈ?

(ਘ) ਖ਼ੁਸ਼ੀ, ਗਮੀ, ਹੈਰਾਨੀ, ਭੈਅ, ਪ੍ਰਸ਼ੰਸਾ ਆਦਿ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?

(ਙ) ਜੋ ਕਿਰਿਆ–ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਚ) ਸੰਬੰਧਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਛ) ਕਿਰਿਆ–ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਜ) ਵਿਆਕਰਨ ਦੀ ਭਾਸ਼ਾ ਵਿੱਚ ਸਮੇਂ ਨੂੰ ਕੀ ਕਿਹਾ ਜਾਂਦਾ ਹੈ?

(ਝ) ਵਰਤਮਾਨ ਕਾਲ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਞ) ਆਉਣ ਵਾਲੇ ਸਮੇਂ ਨੂੰ ਕਿਹੜਾ ਕਾਲ ਕਿਹਾ ਜਾਂਦਾ ਹੈ?

(ਟ) 'ਪ੍ਰਕਾਸ਼ ਸਿੰਘ ਪੰਜਾਬੀ ਪੜ੍ਹ ਰਹੇ ਹਨ' ਕਾਲ ਦੀ ਕਿਹੜੀ ਕਿਸਮ ਨਾਲ਼ ਸਬੰਧਿਤ ਹੈ?

(ਠ) ਜਿਸ ਸ਼ਬਦ ਦੇ ਇੱਕ ਤੋਂ ਵੱਧੇਰੇ ਅਰਥ ਹੋਣ, ਉਸ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?

(ਡ) ਜਿਸ ਵਿਅਕਤੀ ਦਾ ਰੱਬ ਵਿੱਚ ਵਿਸ਼ਵਾਸ ਹੋਵੇ, ਉਹ ਕੌਣ ਹੁੰਦਾ ਹੈ?

(ਢ) 'ਮਾੜਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ?

(ਣ) ਉਪਕਾਰ ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ।

2● x 1/2 = 10

ਪ੍ਰਸ਼ਨ2. ਹੇਠ ਲਿਖੇ ਲੇਖਾਂ ਵਿੱਚੋ ਕੋਈ ਇੱਕ ਲੇਖ ਲਗ–ਪਗ 4●● ਸ਼ਬਦਾਂ ਵਿੱਚ ਲਿਖੋ:

(ੳ) ਲੋਹੜੀ (ਅ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

(ੲ) ਅਤਿ ਸਰਦੀ ਦਾ ਇੱਕ ਦਿਨ (ਸ) ਭਰੂਣ ਹੱਤਿਆ

(ਹ) ਸੰਚਾਰ ਸਾਧਨਾਂ ਦਾ ਸਮਾਜਿਕ ਪ੍ਰਭਾਵ

1●

ਪ੍ਰਸ਼ਨ3. ਤੁਹਾਡੇ ਪਿੰਡ ਦੀ ਡਿਸਪੈਂਸਰੀ ਦੀ ਹਾਲਤ ਠੀਕ ਨਹੀਂ ਹੈ। ਸਿਹਤ–ਮੰਤਰੀ, ਪੰਜਾਬ ਨੂੰ ਇਸ ਨੂੰ ਇਸ ਵਿੱਚ ਸੁਧਾਰ ਲਿਆਉਣ ਲਈ ਅਰਜ਼ੀ ਲਿਖੋ।

ਜਾਂ

ਤੁਹਾਡਾ ਮੋਟਰ–ਸਾਈਕਲ ਚੋਰੀ ਹੋ ਗਿਆ ਹੈ। ਮੋਟਰ–ਸਾਈਕਲ ਬਾਰੇ ਵੇਰਵੇ ਦਿੰਦੇ ਹੋਏ ਨੇੜੇ ਦੇ ਥਾਣੇ ਵਿੱਚ ਰਿਪੋਰਟ ਦਰਜ ਕਰਵਾਉਣ ਲਈ ਪੱਤਰ ਲਿਖੋ। $1^{1/2} + 4 + 1^{1/2} = 7$

ਪ੍ਰਸ਼ਨ4. ਹੇਠ ਲਿਖੇ ਪੈਰੇ ਦੀ ਸੰਖੇਪ–ਰਚਨਾ ਲਗ–ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਲਿਖੋ।

ਸਫ਼ਲ ਅਤੇ ਖੇੜੇ ਭਰਪੂਰ ਜ਼ਿੰਦਗੀ ਬਤੀਤ ਕਰਨ ਲਈ ਉਸਾਰੂ ਸੁਪਨੇ ਜ਼ਰੂਰ ਵੇਖੋ ਅਤੇ ਫਿਰ ਜੀਅ–ਜਾਨ ਨਾਲ, ਉਹਨਾਂ ਨੂੰ ਸਾਕਾਰ ਕਰਨ ਵਿੱਚ ਜੁੱਟ ਜਾਓ। ਚੇਤੇ ਰਹੇ, "ਸਭ ਤੋਂ ਖ਼ਤਰਨਾਕ ਹੁੰਦਾ ਹੈ, ਸੁਪਨਿਆਂ ਦਾ ਮਰ ਜਾਣਾ।" ਪਾਸ਼ ! ਹਾਂ ! ਸੁਪਨੇ ਜਿੰਨੇ ਮਰਜ਼ੀ ਵੇਖੋ, ਪਰ ਇੱਕ ਸਮੇਂ 'ਤੇ ਇੱਕ ਸੁਪਨੇ ਦੀ ਪੂਰਤੀ ਲਈ ਯਤਨ ਵਿਢੇ ਜਾਣੇ ਚਾਹੀਦੇ ਹਨ, ਬੱਸ ਅਰਜਨ ਵਾਂਗੂ ਮੱਛੀ ਦੀ ਅੱਖ ਹੀ ਫੋਕਸ ਵਿੱਚ ਰਹਿਣੀ ਚਾਹੀਦੀ ਹੈ। ਸਵਾਮੀ ਵਿਵੇਕਾ ਨੰਦ, ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਾਉਂਦਾ ਹੈ, "ਜਦੋਂ

ਤੁਸੀਂ ਕੋਈ ਕਰਮ ਕਰਦੇ ਹੋ ਤਾਂ ਕਿਸੇ ਹੋਰ ਗੱਲ 'ਤੇ ਵਿਚਾਰ ਨਾ ਕਰੋ, ਉਸ ਨੂੰ ਇੱਕ ਉਪਾਸ਼ਨਾ-ਵੱਡੀ ਤੋਂ ਵੱਡੀ ਉਪਾਸ਼ਨਾ ਦੇ ਤੌਰ 'ਤੇ ਕਰੋ ਅਤੇ ਉਸ ਸਮੇਂ ਤੱਕ ਲਈ ਉਸ ਵਿੱਚ ਆਪਣਾ ਸਾਰਾ ਤਨ, ਮਨ ਲਗਾ ਦੇਵੋ।" ਗੱਲ ਕੀ ਸਫ਼ਲਤਾ ਦਾ ਕੋਈ ਰਹੱਸ ਨਹੀਂ, ਉਹ ਕੇਵਲ ਮਿਹਨਤ ਮੰਗਦੀ ਹੈ।

4 + 1 = 5

ਪ੍ਰਸ਼ਨ 5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ।

ਝੋਲੀ ਚੁੱਕਣਾ, ਟਕੇ ਵਰਗਾ ਜਵਾਬ ਦੇਣਾ, ਠੇਕਾ ਵਜਾ ਕੇ ਕਹਿਣਾ, ਤੇਲ ਚੋਣਾ, ਸ਼ੁੱਕੀ ਵੜੇ ਪਕਾਉਣਾ, ਦੜ ਵੱਟਣਾ, ਚੰਦ ਪੀਹਣਾ, ਪਹਾੜ ਨਾਲ਼ ਟੱਕਰ ਲਾਉਣਾ, ਬਾਜ਼ੀ ਮਾਰਨਾ, ਰੰਗ ਉੱਡ ਜਾਣਾ। 1+1+1+1+1 = 5

ਪ੍ਰਸ਼ਨ 6. ਵਿਸਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:

ਬਰਨਾਰਡ ਸ਼ਾਅ ਕਹਿੰਦਾ ਹੈ ਨਰਕ ਦੀ ਪਰਿਭਾਸ਼ਾ ਵਿਹਲ ਹੈ ਆਮ ਕਹਾਵਤ ਹੈ ਕਿ ਠਹਿਰਿਆ ਪਾਣੀ ਯੋਗ ਨਹੀਂ ਰਹਿੰਦਾ ਵਹਿੰਦਾ ਪਾਣੀ ਪਵਿੱਤਰ ਹੁੰਦਾ ਹੈ 2

ਪ੍ਰਸ਼ਨ 7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

(ੳ) ਮੁਕਤਾ ਲਗ ਕਿਸ ਨੂੰ ਕਹਿੰਦੇ ਹਨ?

(ਅ) ਗੁਰਮੁਖੀ ਲਿਪੀ ਵਿੱਚ ਲਗਾਖਰ ਕਿਹੜੇ-ਕਿਹੜੇ ਹਨ? 1+1 = 2

ਪ੍ਰਸ਼ਨ 8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

(ੳ) ਕਿਰਿਆ-ਵਿਸ਼ੇਸ਼ਣ ਦੀ ਕਿਸੇ ਇੱਕ ਕਿਸਮ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ।

(ਅ) ਯੋਜਕ ਜਾਂ ਵਿਸਮਿਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ। $1^{1/2}+1/2+1^{1/2}+1/2 = 4$

ਪ੍ਰਸ਼ਨ 9.(ੳ) ਜੱਗ ਸ਼ਬਦ ਦੇ ਵੱਖ-ਵੱਖ ਅਰਥ ਦਰਸਾਉਂਦੇ ਦੋ ਵਾਕ ਬਣਾਓ।

(ਅ) 'ਉਪਯੋਗ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ।

(ੲ) 'ਜਿਹੜਾ ਕੇਵਲ ਦੁੱਧ ਹੀ ਪੀਵੇ' ਵਾਕ ਦੀ ਥਾਂ ਕੇਵਲ ਇੱਕ ਸ਼ਬਦ ਲਿਖੋ। 1+1+1=3

ਪ੍ਰਸ਼ਨ 10. ਹੇਠ ਲਿਖੇ ਵਾਕ ਨੂੰ ਭਵਿੱਖਤ ਕਾਲ ਵਿੱਚ ਬਦਲ ਕੇ ਲਿਖੋ:

ਅਧਿਆਪਕ ਸਮੇਂ ਸਿਰ ਸਕੂਲ ਆ ਰਹੇ ਹਨ। 2